**WORKSAFEBC** | ਜਾਣਕਾਰੀ ਬੁਲੇਟਿਨ

# ਵਰਕਸੇਫ ਬੀ ਸੀ ਨੇ ਸਟਾਫ ਲਈ ਵੈਕਸੀਨੇਸ਼ਨ ਦੀ ਪੌਲਸੀ ਬਣਾਈ ਹੈ

**ਰਿਚਮੰਡ, ਬੀ.ਸੀ. (24 ਸਤੰਬਰ, 2021) –** ਵਰਕਸੇਫ ਬੀ ਸੀ ਨੇ ਸਟਾਫ ਲਈ ਵੈਕਸੀਨੇਸ਼ਨ ਦੀ ਪੌਲਸੀ ਬਣਾਈ ਹੈ ਜਿਸ ਦਾ ਮਕਸਦ ਕੋਵਿਡ-19 ਦੇ ਫੈਲਣ ਤੋਂ ਰੋਕਥਾਮ ਕਰਨਾ ਅਤੇ ਆਪਣੇ ਸਟਾਫ, ਆਪਣੇ ਕਲਾਇੰਟਾਂ ਅਤੇ ਲੋਕਾਂ ਦੀ ਸਿਹਤ ਅਤੇ ਸੇਫਟੀ ਦੀ ਰੱਖਿਆ ਕਰਨਾ ਹੈ।

1 ਨਵੰਬਰ, 2021 ਤੋਂ ਲਾਗੂ ਹੋ ਕੇ, ਵਰਕਸੇਫ ਬੀ ਸੀ ਇਹ ਮੰਗ ਕਰੇਗੀ ਕਿ ਉਹ ਸਾਰੇ ਮੁਲਾਜ਼ਮ ਜਿਹੜੇ ਕੰਮ-ਮਾਲਕਾਂ, ਵਰਕਰਾਂ, ਪਬਲਿਕ ਦੇ ਮੈਂਬਰਾਂ, ਜਾਂ ਵਰਕਸੇਫ ਬੀ ਸੀ ਦੇ ਹੋਰ ਸਟਾਫ ਨਾਲ ਕੰਮ ਕਰਦੇ ਹਨ ਉਨ੍ਹਾਂ ਦੇ ਕੋਵਿਡ-19 ਲਈ ਪੂਰੀ ਤਰ੍ਹਾਂ ਵੈਕਸੀਨੇਸ਼ਨ ਲੱਗੀ ਹੋਈ ਹੋਵੇ। ਪੌਲਸੀ ਲਾਗੂ ਕਰਨ ਵੇਲੇ, ਵਰਕਸੇਫ ਬੀ ਸੀ ਸਟਾਫ ਦੇ ਉਨ੍ਹਾਂ ਮੈਂਬਰਾਂ ਦਾ ਖਿਆਲ ਰੱਖਣ ਦੀਆਂ ਆਪਣੀਆਂ ਜ਼ਿੰਮੇਵਾਰੀਆਂ `ਤੇ ਵਿਚਾਰ ਕਰੇਗੀ ਜਿਹੜੇ ਵੈਕਸੀਨੇਸ਼ਨ ਨਹੀਂ ਲਵਾ ਸਕਦੇ।

ਸਬੂਤ ਇਹ ਦਿਖਾਉਂਦਾ ਹੈ ਕਿ ਕੋਵਿਡ-19 ਦੇ ਫੈਲਣ ਤੋਂ ਰੋਕਥਾਮ ਕਰਨ ਲਈ ਵੈਕਸੀਨੇਸ਼ਨ, ਕੰਟਰੋਲ ਕਰਨ ਦਾ ਉਪਲਬਧ ਸਭ ਤੋਂ ਬਿਹਤਰ ਉਪਾ ਹੈ। ਬੀ.ਸੀ. ਦੇ ਸਿਹਤ ਮਹਿਕਮੇ ਮੁਤਾਬਕ, ਉਮਰ ਨੂੰ ਧਿਆਨ ਵਿਚ ਰੱਖਣ ਤੋਂ ਬਾਅਦ, ਪੂਰੀ ਤਰ੍ਹਾਂ ਵੈਕਸੀਨੇਸ਼ਨ ਲੱਗੇ ਵਿਅਕਤੀਆਂ ਦੇ ਮੁਕਾਬਲੇ ਵੈਕਸੀਨ ਨਾ ਲੱਗੇ ਲੋਕਾਂ ਦੇ ਕੋਵਿਡ-19 ਨਾਲ ਹਸਪਤਾਲ ਵਿਚ ਦਾਖਲੇ ਦੀ ਸੰਭਾਵਨਾ ਤਕਰੀਬਨ 26 ਗੁਣਾ ਜ਼ਿਆਦਾ ਹੈ।

ਇਸ ਵੇਲੇ ਬੀ.ਸੀ. ਵਿਚ, ਕੰਮ-ਮਾਲਕਾਂ ਤੋਂ ਇਹ ਪੱਕਾ ਕਰਨ ਦੀ ਮੰਗ ਨਹੀਂ ਕੀਤੀ ਜਾਂਦੀ ਕਿ ਉਨ੍ਹਾਂ ਦੇ ਵਰਕਰਾਂ ਨੇ ਵੈਕਸੀਨੇਸ਼ਨ ਲਵਾਈ ਹੈ। ਪਰ, ਵਰਕਸੇਫ ਬੀ ਸੀ ਬਿਜ਼ਨਸਾਂ ਅਤੇ ਹੋਰ ਕੰਮ-ਮਾਲਕਾਂ ਨੂੰ ਇਹ ਸਲਾਹ ਦਿੰਦੀ ਆ ਰਹੀ ਹੈ ਕਿ ਉਹ ਆਪਣੀ ਸਮਝ ਦੇ ਆਧਾਰ `ਤੇ ਸਟਾਫ ਦੀ ਵੈਕਸੀਨੇਸ਼ਨ ਲਈ ਆਪਣੀਆਂ ਖੁਦ ਦੀਆਂ ਪੌਲਸੀਆਂ ਲਾਗੂ ਕਰ ਸਕਦੇ ਹਨ।

ਇਸ ਸਲਾਹ ਦੇ ਅਨੁਕੂਲ, ਵਰਕਸੇਫ ਬੀ ਸੀ ਨੇ ਉਸ ਸਾਰੇ ਸਟਾਫ ਲਈ ਲਾਜ਼ਮੀ ਵੈਕਸੀਨੇਸ਼ਨ ਦਾ ਫੈਸਲਾ ਕੀਤਾ ਹੈ ਜਿਹੜੇ ਹੋਰਨਾਂ ਦੇ ਨਿੱਜੀ ਤੌਰ `ਤੇ ਸੰਪਰਕ ਵਿਚ ਆਉਂਦੇ ਹਨ, ਅਤੇ ਇਸ ਦੇ ਨਾਲ ਨਾਲ ਸਟਾਫ ਦੇ ਕੋਈ ਵੀ ਮੈਂਬਰ ਜਿਹੜੇ ਵਰਕਸੇਫ ਬੀ ਸੀ ਦੇ ਕਿਸੇ ਦਫਤਰ ਵਿਚ ਦਾਖਲ ਹੁੰਦੇ ਹਨ।

ਵਰਕਸੇਫ ਬੀ ਸੀ ਦੀ ਵੈਕਸੀਨੇਸ਼ਨ ਪੌਲਸੀ ਪਬਲਿਕ ਹੈਲਥ ਦੀ ਸੇਧ ਮੁਤਾਬਕ ਹੈ।

ਬੀ.ਸੀ. ਵਿਚ ਸੱਟਾਂ ਅਤੇ ਬੀਮਾਰੀ ਤੋਂ ਰੋਕਥਾਮ ਦੇ ਲੀਡਰ ਵਜੋਂ, ਵਰਕਸੇਫ ਬੀ ਸੀ ਇਹ ਕਦਮ, ਆਪਣੇ ਮੁਲਾਜ਼ਮਾਂ ਅਤੇ ਉਨ੍ਹਾਂ ਦੇ ਸੰਪਰਕ ਵਿਚ ਆਉਣ ਵਾਲਿਆਂ ਦੋਨਾਂ ਦੀ ਸਿਹਤ ਅਤੇ ਸੇਫਟੀ ਨੂੰ ਯਕੀਨੀ ਬਣਾਉਣ ਲਈ ਚੁੱਕ ਰਹੀ ਹੈ।

ਭਾਵੇਂ ਕਿ ਵੈਕਸੀਨਾਂ ਦੀ ਪਛਾਣ, ਬੀਮਾਰੀ ਦੀ ਰੋਕਥਾਮ ਕਰਨ ਅਤੇ ਕੋਵਿਡ-19 ਤੋਂ ਹਸਪਤਾਲ ਵਿਚ ਦਾਖਲੇ ਅਤੇ ਮੌਤ ਦਾ ਖਤਰਾ ਘਟਾਉਣ ਲਈ ਮੁੱਖ ਉਪਾ ਵਜੋਂ ਕੀਤੀ ਗਈ ਹੈ, ਵਰਕਸੇਫ ਬੀ ਸੀ, ਛੂਤ ਦੀਆਂ ਬੀਮਾਰੀਆਂ ਤੋਂ ਰੋਕਥਾਮ ਦੀ ਆਪਣੀ ਪਲੈਨ ਦੀ ਪਾਲਣਾ ਕਰਨਾ ਜਾਰੀ ਰੱਖ ਰਹੀ ਹੈ, ਜਿਸ ਵਿਚ ਸਾਰੀਆਂ ਥਾਂਵਾਂ ਵਿਚ ਮਾਸਕ ਪਾਉਣਾ, ਸਰੀਰਕ ਫਾਸਲਾ ਰੱਖਣਾ, ਅਤੇ ਹੱਥ ਧੋਣਾ ਸ਼ਾਮਲ ਹਨ।

-30-

**ਹੋਰ ਜਾਣਕਾਰੀ:**

ਮੀਡੀਆ ਪਿਛੋਕੜ: ਛੂਤ ਦੀ ਬੀਮਾਰੀ ਤੋਂ ਰੋਕਥਾਮ

**ਵਰਕਸੇਫ ਬੀ ਸੀ ਬਾਰੇ**

*ਵਰਕਸੇਫ ਬੀ ਸੀ, ਬੀ.ਸੀ. ਵਿਚ ਸੱਟਾਂ, ਬੀਮਾਰੀਆਂ ਅਤੇ ਡਿਸਏਬਿਲਟੀ ਤੋਂ ਰੋਕਥਾਮ ਕਰਨ ਲਈ ਵਰਕਰਾਂ ਅਤੇ ਕੰਮ-ਮਾਲਕਾਂ ਨਾਲ ਕੰਮ ਕਰਦੀ ਹੈ। ਕੰਮ ਨਾਲ ਸੰਬੰਧਿਤ ਸੱਟਾਂ ਲੱਗਣ ਜਾਂ ਬੀਮਾਰੀਆਂ ਹੋਣ 'ਤੇ, ਵਰਕਸੇਫ ਬੀ ਸੀ ਲੋਕਾਂ ਦੀ ਸਿਹਤਯਾਬੀ, ਰਾਜ਼ੀ ਹੋਣ, ਅਤੇ ਕੰਮ 'ਤੇ ਸੁਰੱਖਿਅਤ ਵਾਪਸੀ ਵਿਚ ਮਦਦ ਕਰਨ ਲਈ ਮੁਆਵਜ਼ਾ ਅਤੇ ਮਦਦ ਦਿੰਦੀ ਹੈ। ਬੀ.ਸੀ. ਭਰ ਵਿਚ ਅਸੀਂ ਤਕਰੀਬਨ 2.3 ਮਿਲੀਅਨ ਵਰਕਰਾਂ ਅਤੇ 255,000 ਕੰਮ-ਮਾਲਕਾਂ ਨੂੰ ਸੇਵਾਵਾਂ ਦਿੰਦੇ ਹਾਂ।*

**ਹੋਰ ਜਾਣਕਾਰੀ ਲਈ ਸੰਪਰਕ ਕਰੋ:**

ਮੀਡੀਆ ਰੀਲੇਸ਼ਨਜ਼, ਵਰਕਸੇਫ ਬੀ ਸੀ
ਈਮੇਲ: media@worksafebc.com
ਟੈਲੀਫੋਨ: 604-276-5157